ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.), ਬਠਿੰਡਾ

E-Mail id: dpobathinda@gmail.com Tel: 0164-2217295

ਵੱਲ

ਸਮੂਹ ਬੀ.ਪੀ.ਈ.ਓਜ਼,
ਸਮੂਹ ਸਕੂਲ ਮੁਖੀ, (ਸਰਕਾਰੀ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ)
ਬਠਿੰਡਾ।

ਪੱਤਰ ਨੰ:-ਸਸਅ/ 2024-25/ 2542

ਮਿਤੀ ਬਠਿੰਡਾ: 15.07.2024

ਵਿਸ਼ਾ- School Management Committee Booklets ਦੀ ਵੰਡ ਕਰਾਉਣ ਸਬੰਧੀ।

ਹਵਾਲਾ- ਮੁਖ ਦਫਤਰ ਦੇ ਮੀਮੋ ਨੰ: ਈ-557729/2133-2143 ਮਿਤੀ 12.07.2024

ਅੰਕਿਤ ਵਿਸ਼ਾ ਅਤੇ ਹਵਾਲਾ ਅਧੀਨ ਆਪ ਨੂੰ ਐਸ.ਐਮ.ਸੀ. ਬੁੱਕਲੈਟਸ ਭੇਜ ਦਿੱਤੀਆਂ ਗਈਆਂ ਹਨ। ਇਹਨਾਂ ਕਿਤਾਬਾਂ ਨੂੰ ਵੰਡਣ ਅਤੇ ਵਰਤੋਂ ਸਬੰਧੀ ਮੁਖ ਦਫਤਰ ਵੱਲੋਂ ਦਿਸ਼ਾ ਨਿਰਦੇਸ਼ ਪ੍ਰਾਪਤ ਹੋਏ ਹਨ। ਜੋ ਆਪ ਜੀ ਨੂੰ ਨਾਲ ਨੱਥੀ ਕਰਕੇ ਪਾਲਣਾ ਹਿੱਤ ਭੇਜੇ ਜਾਂਦੇ ਹਨ। ਇਸ ਪੱਤਰ ਨਾਲ ਨੱਥੀ ਕੀਤੇ ਗਏ ਗੂਗਲ ਲਿੰਕ ਫਾਰਮ (https://forms.glelyp3w1lqwagi97rp9a/) ਵਿੱਚ ਲੋੜੀਂਦੇ ਵੇਰਵੇ ਭਰੇ ਜਾਣ। ਐਸ.ਐਮ.ਸੀ. ਮੈਂਬਰਾਂ ਨੂੰ ਕਿਤਾਬਾਂ ਵੰਡਣ ਸਮੇਂ ਉਹਨਾਂ ਦੀਆਂ ਤਸਵੀਰਾਂ ਗੂਗਲ ਲਿੰਕ ਜਰੀਏ ਲਾਜਮੀ ਤੌਰ ਤੇ ਅਪਲੋਡ ਕੀਤੀਆਂ ਜਾਣ।

ਨੱਥੀ- ਮੁਖ ਦਫਤਰ ਤੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਕਾਪੀ ਅਤੇ ਗੂਗਲ ਲਿੰਕ

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਬਠਿੰਡਾ।

ਪਿੰਠ ਅੰਕਣ ਨੰ: ਮਿਤੀ -

ਉਕਤ ਦਾ ਉਤਾਰਾ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.), ਬਠਿੰਡਾ ਨੂੰ ਉਕਤ ਪੱਤਰ ਵੈਬ ਸਾਈਟ ਤੇ ਪਾਉਣ ਸਬੰਧੀ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਬਠਿੰਡਾ।

ਦਫ਼ਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ, ਸਾਅਸ ਨਗਰ

ਸੇਵਾਵਾਂ ਸ਼ਾਖਾ, Email: dpiee.service@punjabeducation.gov.in

Urgent/Date-bound

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ),
ਸਮੂਹ ਉਪ-ਜਿਲ੍ਹਾ ਸਿੱਖਿਆ ਅਫ਼ਸਰ (ਐਸਿ/ਸੈਸਿ),
ਸਮੂਹ ਪ੍ਰਿੰਸੀਪਲ, ਜਿਲ੍ਹਾ ਸਿੱਖਿਆ ਅਤੇ ਸਿੱਖਲਾਈ ਸੰਸਥਾ,
ਪੰਜਾਬ ਰਾਜ।

APC (G)
15/7/24

ਮੀਮੋ ਨੰ; ਈ-557729/2133-2193

ਮਿਤੀ: ਸਾਅਸ ਨਗਰ; 12/07/2024

ਵਿਸ਼ਾ: **School Management Committee Booklets ਦੀ ਵੰਡ ਕਰਾਉਣ ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਦੱਸਿਆ ਜਾਂਦਾ ਹੈ ਕਿ ਸਕੂਲ ਮੈਨੇਜਮੈਂਟ ਕਮੇਟੀਆਂ ਸਬੰਧੀ SMC Booklets ਦੀ ਡਲਿਵਰੀ ਪ੍ਰਕਿਰਿਆ ਮਾਰਚ-2024 ਵਿੱਚ ਸ਼ੁਰੂ ਹੋਈ ਸੀ। ਰਾਜ ਦੇ 07 ਜਿਲ੍ਹਿਆਂ ਵਿੱਚ ਐਸ.ਐਮ.ਸੀ. ਕਿਤਾਬਾਂ ਵੰਡੀਆਂ ਜਾ ਚੁੱਕੀਆਂ ਹਨ, ਪਰੰਤੂ ਲੋਕ ਸਭਾ ਚੋਣਾਂ-2024 ਦੇ ਚਲਦੇ ਮਿਤੀ 16/03/2024 ਨੂੰ ਭਾਰਤ ਚੋਣ ਕਮਿਸ਼ਨ ਵੱਲੋਂ ਮਾਡਲ ਕੋਡ ਆਫ ਕੰਡਕਟ ਲਗਾਏ ਜਾਣ ਕਾਰਣ ਕਿਤਾਬਾਂ ਦੀ ਵੰਡ ਤੇ ਰੋਕ ਲਗ੍ਹਾ ਦਿੱਤੀ ਗਈ ਸੀ।

2. ਹੁਣ SMC Booklets ਨੂੰ ਵੰਡਣ ਦੀ ਪ੍ਰਕਿਰਿਆ ਮੁੱੜ ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਿਮਨਲਿਖਤ ਵੇਰਵਿਆਂ/ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਇਸ ਪੱਤਰ ਨਾਲ ਨੱਥੀ ਕੀਤੇ ਗਏ Online Google Link Form : https://forms.gle/yp3w1LqwaGi97Rp9A ਵਿੱਚ ਲੋੜੀਂਦੇ ਵੇਰਵੇ ਭਰੇ ਜਾਣ। ਐਸ.ਐਮ.ਸੀ. ਮੈਂਬਰਾਂ ਨੂੰ ਕਿਤਾਬਾਂ ਵੰਡਣ ਸਮੇਂ ਉਨ੍ਹਾਂ ਦੀਆਂ ਤਸਵੀਰਾਂ ਗੂਗਲ ਲਿੰਕ ਜ਼ਰੀਏ ਲਾਜਮੀ ਤੌਰ ਤੇ ਅਪਲੋਡ ਕੀਤੀਆਂ ਜਾਣ :-

Sr. No.	District Wise Distribution	No. of Booklets
1.	All Government Schools	10 SMC Booklets per school (02 booklets to be kept in school, rest to be distributed among SMC members).
2.	Deputy Commissioner Office	10 SMC Booklets per district
3.	All District Education Officers (Elementary and Secondary)	500 SMC Booklets per district
4.	All Principal, District Institute for Education and Training (DIETs)	02 SMC Booklets per district
5.	All S.O.E. Schools in the district	20 SMC Booklets per school
6.	All B.P.E.O. Offices	100 SMC Booklets per Block
7.	All Center Head Teachers (CHTs)	01 SMC Booklet per CHT

3. **ਦਫਤਰ ਜਿ.ਸਿ.ਅ. ਤੋਂ ਬਲਾਕਾਂ/ਸਕੂਲਾਂ ਵਿੱਚ ਐਸ.ਐਮ.ਸੀ. ਬੁੱਕਲੈਟਸ ਵੰਡਣ ਦੀ ਯੋਜਨਾ :-**

I. ਜਿਲ੍ਹਾ ਸਿੱਖਿਆ ਅਫਸਰ ਸਬੰਧਤ ਬੀ.ਪੀ.ਈ.ਓਜ਼ ਨੂੰ ਐਸ.ਐਮ.ਸੀ. ਬੁੱਕਲੈਟਸ ਵੰਡਣਗੇ ਅਤੇ ਅੱਗੇ ਸਕੂਲਾਂ ਵਿੱਚ ਇਨ੍ਹਾਂ ਦੀ ਵੰਡ ਕੀਤੀ ਜਾਵੇਗੀ। ਜਿਸ ਦੀ ਡਿਟੇਲ ਭਾਵ (Total books received at DEO level, Total books distributed to BPEOs, BPEOs further distributed to schools and Total balance) ਆਦਿ ਮੇਨਟੇਨ ਕਰਕੇ Consolidate School List Report ਇਸ ਦਫਤਰ ਨੂੰ ਭੇਜਣਗੇ।

ਜੇਕਰ ਕਿਤਾਬਾਂ ਵੰਡਣ ਤੋਂ ਰਹਿ ਜਾਂਦੀਆਂ ਹਨ ਜਾਂ ਬਚ ਜਾਂਦੀਆਂ ਹਨ ਤਾਂ ਦਫਤਰ ਜਿ.ਸਿ.ਅ. ਵਿਖੇ ਹੀ (safe keeping)/ਸੰਭਾਲ ਕੇ ਰੱਖੀਆਂ ਜਾਣਗੀਆਂ। ਇਸਦੇ ਨਾਲ ਹੀ ਬੀ.ਪੀ.ਈ.ਓ. ਦਫਤਰ ਵਿੱਚ 100 ਕਿਤਾਬਾਂ ਵਾਧੂ ਦਿੱਤੀਆਂ ਜਾਣਗੀਆਂ।

II. ਦ ਜਿ.ਸਿ.ਅ. ਉਪਰੋਕਤ ਸਾਰਣੀ ਵਿੱਚ ਦਰਸਾਏ ਅੰਕੜਿਆਂ (Figures/No.s) ਅਨੁਸਾਰ ਸਬੰਧਤ ਡਿਪਟੀ ਕਮਿਸ਼ਨਰ ਨੂੰ ਕਿਤਾਬਾਂ ਦੇਣ ਦੇ ਨਾਲ-ਨਾਲ Principal, DIETs ਨੂੰ ਵੀ ਮੁਹੱਈਆ ਕਰਵਾਉਣਗੇ ਤੇ ਸਮੂਹ School of Eminence (SOE) ਸਕੂਲਾਂ ਵਿੱਚ 10 ਕਾਪੀਆਂ ਵਾਧੂ ਦਿੱਤੀ ਜਾਣਗੀਆਂ।

III. ਸਮੂਹ ਬੀ.ਪੀ.ਈ.ਓਜ਼. ਇਹ ਯਕੀਨੀ ਬਣਾਉਣਗੇ ਕਿ ਸਕੂਲਾਂ ਵਿੱਚ 10 ਕਾਪੀ ਪ੍ਰਤੀ ਸਕੂਲ ਦੇ ਹਿਸਾਬ ਨਾਲ ਹੀ ਵੰਡ ਕੀਤੀ ਗਈ ਹੋਵੇ। CHTs ਨੂੰ ਕੇਵਲ 01 ਬੁੱਕਲੈਟ ਹੀ ਦਿੱਤੀ ਜਾਵੇਗੀ।

4. **ਸਕੂਲਾਂ ਵਿੱਚ ਐਸ.ਐਮ.ਸੀ. ਬੁੱਕਲੈਟਸ ਵੰਡਣ ਦੀ ਯੋਜਨਾ :-**

I. ਸਕੂਲ ਮੁਖੀ/ਇੰਚਾਰਜ ਅਧਿਆਪਕ ਸਕੂਲ ਲਾਇਬਰੇਰੀ ਵਿੱਚ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਐਸ.ਐਮ.ਸੀ. ਬੁੱਕਲੈਟ ਦੀਆਂ 02 ਕਾਪੀਆਂ ਰੱਖਣਗੇ।

II. ਹਰੇਕ ਸਮਾਜ ਸੇਵਕ ਅਤੇ ਸਥਾਨਕ ਪ੍ਰਤੀਨਿਧੀ ਨੂੰ 01 ਕਾਪੀ ਦਿੱਤੀ ਜਾਵੇਗੀ।

III. ਬਾਕੀ ਬੁੱਕਲੈਟਸ ਮਾਤਾ/ਪਿਤਾ/ਐਸ.ਐਮ.ਸੀ. ਮੈਂਬਰਾਂ ਵਿੱਚ ਵੰਡੀਆਂ ਜਾਣਗੀਆਂ ਅਤੇ ਐਸ.ਐਮ.ਸੀ. ਚੇਅਰਪਰਸਨ ਨੂੰ 01 ਕਾਪੀ ਪ੍ਰਦਾਨ ਕਰਨੀ ਲਾਜਮੀ ਹੋਵੇਗੀ।

5. **ਐਸ.ਐਮ.ਸੀ. ਬੁੱਕਲੈਟਸ ਦੀ ਵਰਤੋਂ ਸਬੰਧੀ :-**

ਐਸ.ਐਮ.ਸੀ. ਬੁੱਕਲੈਟਸ ਨੂੰ ਲਾਇਬਰੇਰੀ ਸਰੋਤਾਂ ਵਜੋਂ ਮਨੋਨੀਤ ਕੀਤਾ ਜਾਣਾ ਹੈ। ਐਸ.ਐਮ.ਸੀ. ਬੁੱਕਲੈਟਸ ਸਕੂਲਾਂ ਵਿੱਚ ਲਾਇਬਰੇਰੀ ਸੰਗ੍ਰਹਿ ਦਾ ਹਿੱਸਾ ਹੋਣਗੀਆਂ। ਜਦਕਿ ਦਫਤਰਾਂ ਵਿੱਚ ਇਹ ਇੱਕ ਸੂਚਨਾ ਸਰੋਤ ਵਜੋਂ ਕੰਮ ਕਰਨਗੀਆਂ। ਇਸ ਸਾਰੀ ਪ੍ਰਕਿਰਿਆ ਵਿੱਚ ਤੁਹਾਡੇ ਸਹਿਯੋਗ ਦੀ ਲੋੜ ਹੈ ਅਤੇ ਇਸ ਕੰਮ ਨੂੰ ਨਿੱਜੀ ਯਤਨਾਂ ਸਦਕਾ ਸਮੇਂ-ਸਿਰ ਨੇਪਰੇ ਚਾੜ੍ਹਨਾ ਯਕੀਨੀ ਬਣਾਇਆ ਜਾਵੇ।

6. ਤਬਾਦਲਾ/ਬਦਲੀ/ਐਡਜਸਟਮੈਂਟ ਹੋਣ ਦੀ ਸੂਰਤ ਵਿੱਚ ਐਸ.ਐਮ.ਸੀ. ਬੁੱਕਲੈਟਸ ਨੂੰ ਨਾਲ ਲੈਕੇ ਜਾਣਾ ਵਰਜਿਤ ਹੋਵੇਗਾ, ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ।

ਡਾਇਰੈਕਟਰ ਸਕੂਲ ਐਜੂਕੇਸ਼ਨ
(ਐਲੀਮੈਂਟਰੀ), ਪੰਜਾਬ

ਮਿਤੀ: 12-07-2024

ਪਿੱਠ ਅੰਕਣ ਨੰ; ਉਕਤ

ਉਤਾਰਾ ਨਿਮਨਲਿਖਤ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ ਜੀ:-

1. ਨਿੱਜੀ ਸਹਾਇਕ, ਮਾਨਯੋਗ ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਹਾਇਕ, ਮਾਨਯੋਗ ਸਕੱਤਰ, ਸਕੂਲ ਸਿੱਖਿਆ, ਪੰਜਾਬ।
3. ਨਿੱਜੀ ਸਹਾਇਕ, ਮਾਨਯੋਗ ਵਿਸ਼ੇਸ਼ ਸਕੱਤਰ (C), ਸਕੂਲ ਸਿੱਖਿਆ, ਪੰਜਾਬ।

4. ਨਿੱਜੀ ਸਹਾਇਕ, ਮਾਨਯੋਗ ਡਾਇਰੈਕਟਰ ਜਨਰਲ, ਸਕੂਲ ਸਿੱਖਿਆ, ਪੰਜਾਬ।

5. ਨਿੱਜੀ ਸਹਾਇਕ, ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਸਿ), ਪੰਜਾਬ।

6. ਨਿੱਜੀ ਸਹਾਇਕ, ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

7. ਡੀ.ਐਮ., ਐਮ.ਆਈ.ਐਸ. ਵਿੰਗ, ਦ.ਡੀਜੀਐਸਈ, ਪੰਜਾਬ।

8. Amit Arts, Plot No. 205, JLPL Industrial Area, Sector-82, SAS Nagar.

ਡਾਇਰੈਕਟਰ ਸਕੂਲ ਐਜੂਕੇਸ਼ਨ
(ਐਲੀਮੈਂਟਰੀ), ਪੰਜਾਬ